# ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਲਈ ਧਾਰਮਿਕ ਭੇਦਭਾਵ ਦੇ ਖਿਲਾਫ਼ ਸੁਰੱਖਿਆਵਾਂ ਬਾਰੇ ਨੋਟਿਸ

ਸੰਗਠਨ ਦਾ ਨਾਮ:

ਪ੍ਰੋਗਰਾਮ ਦਾ ਨਾਮ:

ਪ੍ਰੋਗਰਾਮ ਦੇ ਕਰਮਚਾਰੀ ਦੀ ਸੰਪਰਕ ਜਾਣਕਾਰੀ: [ਪ੍ਰਦਾਤਾ ਦਾ ਨਾਮ, ਫ਼ੋਨ ਨੰਬਰ, ਅਤੇ ਈਮੇਲ ਪਤਾ]

ਸਾਡੇ ਲਈ ਤੁਹਾਨੂੰ ਇਹ ਨੋਟਿਸ ਦੇਣਾ ਜ਼ਰੂਰੀ ਹੈ ਜੋ ਦੱਸਦਾ ਹੈ ਕਿ ਅਸੀਂ ਤੁਹਾਡੇ ਖਿਲਾਫ਼ ਕਿਸੇ ਧਾਰਮਿਕ ਭੇਦਭਾਵ ਵਿੱਚ ਸ਼ਾਮਲ ਨਹੀਂ ਹੋਵਾਂਗੇ। ਤੁਹਾਡੇ ਸਾਡੇ ਪ੍ਰੋਗਰਾਮ ਵਿੱਚ ਨਾਮਾਂਕਣ ਕਰਵਾਉਣ ਜਾਂ ਸਾਡੀਆਂ ਸੇਵਾਵਾਂ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ। ਜੇ ਅਜਿਹਾ ਕਰਨਾ ਮੁਮਕਿਨ ਨਾ ਹੋਵੇ, ਤਾਂ ਇਹ ਨੋਟਿਸ ਤੁਹਾਨੂੰ ਜਲਦੀ ਤੋਂ ਜਲਦੀ ਉਪਲਬਧ ਮੌਕੇ 'ਤੇ ਦਿੱਤਾ ਜਾਣਾ ਲਾਜ਼ਮੀ ਹੈ।

ਕਿਉਂਕਿ [ਸੰਗਠਨ ਦਾ ਨਾਮ] ਨੂੰ ਡਿਪਾਰਟਮੈਂਟ ਔਫ਼ ਹੋਮਲੈਂਡ ਸਿਕਯੋਰਿਟੀ (DHS) ਤੋਂ ਆਰਥਿਕ ਸਹਾਇਤਾ ਪ੍ਰਾਪਤ ਹੁੰਦੀ ਹੈ, ਇਸ ਲਈ ਸਾਡਾ ਤੁਹਾਨੂੰ ਇਹ ਸੂਚਿਤ ਕਰਨਾ ਜ਼ਰੂਰੀ ਹੈ ਕਿ:

- ਅਸੀਂ ਤੁਹਾਡੇ ਧਰਮ, ਤੁਹਾਡੇ ਧਾਰਮਿਕ ਆਸਥਾਵਾਂ (ਕਿਸੇ ਧਰਮ ਵਿੱਚ ਵਿਸ਼ਵਾਸ ਨਾ ਕਰਨਾ ਜਾਂ ਕੋਈ ਧਾਰਮਿਕ ਆਸਥਾ ਨਾ ਹੋਣ ਸਮੇਤ) ਦੇ ਆਧਾਰ 'ਤੇ ਤੁਹਾਡੇ ਨਾਲ ਵਿਤਕਰਾ ਨਹੀਂ ਕਰ ਸਕਦੇ ਹਾਂ।
- ਅਸੀਂ ਤੁਹਾਨੂੰ ਕਿਸੇ ਵੀ ਧਾਰਮਿਕ ਗਤੀਵਿਧੀਆਂ (ਜਿਨ੍ਹਾਂ ਵਿੱਚ ਪੂਜਾ ਕਰਨਾ, ਧਾਰਮਿਕ ਹਿਦਾਇਤ, ਜਾਂ ਧਰਮ ਨੂੰ ਬਦਲਣ ਸਮੇਤ) ਵਿੱਚ ਹਿੱਸਾ ਲੈਣ ਜਾਂ ਹਾਜ਼ਰ ਹੋਣ ਦੀ ਮੰਗ ਨਹੀਂ ਕਰ ਸਕਦੇ। ਇਨ੍ਹਾਂ ਗਤੀਵਿਧੀਆਂ ਵਿੱਚ ਤੁਹਾਡੇ ਦੁਆਰਾ ਕੋਈ ਵੀ ਭਾਗੀਦਾਰੀ ਪੂਰੀ ਤਰ੍ਹਾਂ ਸਵੈਇੱਛਤ ਹੋਣੀ ਲਾਜ਼ਮੀ ਹੈ।
- ਉਹ ਸਾਰੇ ਪ੍ਰੋਗਰਾਮ ਅਤੇ ਸੇਵਾਵਾਂ ਜੋ ਅਸੀਂ ਪੇਸ਼ ਕਰਦੇ ਹਾਂ ਜੋ DHS ਤੋਂ ਪ੍ਰਾਪਤ ਹੋਈ ਆਰਥਿਕ ਸਹਾਇਤਾ ਨਾਲ ਚਲਦੇ ਹਨ, ਉਨ੍ਹਾਂ ਨੂੰ ਕਿਸੇ ਵੀ ਨਿੱਜੀ ਤੌਰ 'ਤੇ ਫੰਡ ਕੀਤੀਆਂ ਜਾਂਦੀਆਂ ਧਾਰਮਿਕ ਗਤੀਵਿਧੀਆਂ ਦੇ ਸਮੇਂ ਅਤੇ ਸਥਾਨ ਤੋਂ ਵੱਖ ਰੱਖੇ ਜਾਣੇ ਲਾਜ਼ਮੀ ਹਨ।

ਸੇਵਾਵਾਂ ਜਾਂ ਫਾਇਦੀਆਂ ਨੂੰ ਦਿੱਤੇ ਜਾਣ ਤੋਂ ਇਨਕਾਰ ਕੀਤੇ ਜਾਣ ਸਮੇਤ, ਉੱਤੇ ਦੱਸੀਆਂ ਗਈਆਂ ਲੋੜਾਂ ਦੀ ਕਿਸੇ ਵੀ ਉਲੰਘਣਾ ਬਾਰੇ ਸ਼ਿਕਾਇਤ ਦਾਇਰ ਕਰਨ ਲਈ, ਕਿਰਪਾ ਕਰਕੇ DHS ਆਫਿਸ ਔਫ਼ ਸਿਵਿਲ ਰਾਈਟਸ ਐਂਡ ਸਿਵਿਲ ਲਿਬਰਟੀਜ਼ (CRCL) ਨਾਲ ਹੇਠਾਂ ਦਿੱਤੇ ਗਏ ਤਰੀਕਿਆਂ ਦੇ ਜਰੀਏ ਸੰਪਰਕ ਕਰੋ। CRCL ਕਿਸੇ ਵੀ ਭਾਸ਼ਾ ਵਿੱਚ ਸ਼ਿਕਾਇਤਾਂ ਸਵੀਕਾਰ ਕਰਦਾ ਹੈ।

ਔਨਲਾਈਨ ਪੋਰਟਲ: https://engage.dhs.gov/crcl-complaint (ਸਭ ਤੋਂ ਤੇਜ਼ ਅਤੇ ਤਰਜੀਹੀ ਤਰੀਕਾ)

ਈ-ਮੇਲ: CRCLCompliance@hq.dhs.gov

ਅਮਰੀਕੀ ਮੇਲ: U.S. Department of Homeland Security
Office for Civil Rights and Civil Liberties
Compliance Branch, Mail Stop #0190
2707 Martin Luther King, Jr. Ave., SE
Washington, D.C. 20528

ਫ਼ੈਕਸ: 202-401-4708

ਵਾਧੂ ਜਾਣਕਾਰੀ ਲਈ: www.dhs.gov/crcl